ਦਫਤਰ ਡਿਪਟੀ ਕਮਿਸ਼ਨਿਰ, ਪਟਿਆਲਾ।

(ਧਰਮ ਅਰਥ ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ,

ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ,

ਚੰਡੀਗੜ੍ਹ (ਰਾਹੀਂ ਜਿਲ੍ਹਾ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪਟਿਆਲਾ)

ਨੰਬਰ: spl-1 ਮਿਤੀ: 30.10.2026

ਵਿਸ਼ਾ: ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ ਜੀ ਪਟਿਆਲਾ ਵਿਖੇ **COO(Chief Operating Officer)** ਅਤੇ **HR(Manager)** ਦੀ ਨਿਯੁਕਤੀ ਲਈ ਇਸ਼ਤਿਹਾਰ ਨੋਟਿਸ ਪ੍ਰਕਾਸ਼ਿਤ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਇਸ਼ਤਿਹਾਰ ਨੋਟਿਸ ਦੀ ਕਾਪੀ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ "ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ ਐੱਲ.ਪੀ.ਏ. ਨੰਬਰ 1437 ਆਫ਼ 2026 (LPA No. 1437 of 2026) ਵਿੱਚ ਮਿਤੀ 03.08.2026 ਨੂੰ ਦਿੱਤੇ ਫੈਸਲੇ/ਨਿਰਣੇ ਦੇ ਸਬੰਧ ਵਿੱਚ ਬੇਨਤੀ ਹੈ ਕਿ ਇਹ ਇਸ਼ਤਿਹਾਰ (ਪਬਲਿਕ ਨੋਟਿਸ, ਐਡਮਿਸ਼ਨ ਨੋਟਿਸ ਆਦਿ) ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਇਆ ਜਾਣਾ ਅਤਿ ਜਰੂਰੀ ਹੈ ਅਤੇ ਲੋੜੀਂਦਾ ਵੀ ਹੈ। ਇਸ ਇਸ਼ਤਿਹਾਰ ਨੂੰ ਪ੍ਰਕਾਸ਼ਿਤ ਕਰਵਾਉਣ ਦਾ ਮੁੱਖ ਮਕਸਦ ਆਮ ਜਨਤਾ ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਕਰਦਾ ਹੈ ਅਤੇ ਲਾਹੇਵੰਦ ਹੈ।

ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਇਸ਼ਤਿਹਾਰ ਹੇਠ ਲਿਖੀਆਂ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ:- ਇਹ ਇਸ਼ਤਿਹਾਰ ਨੋਟਿਸ ਨੂੰ ਅਜੀਤ, **The Tribune** ਦੋ ਅਖਬਾਰਾ ਵਿੱਚ DAVP ਰੇਟ ਤੇ ਪੰਜਾਬ ਚੰਡੀਗੜ੍ਹ ਐਡੀਸ਼ਨ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਖੇਚਲਾ ਕੀਤੀ ਜਾਵੇ ਅਤੇ ਬਿੱਲ ਅਦਾਇਗੀ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਪਟਿਆਲਾ ਦੇ ਗੋਲਕ ਫੰਡ ਵਿੱਚੋ ਕੀਤੀ ਜਾਵੇਗੀ।

ਨੱਥੀ: ਉਕਤ ਅਨੁਸਾਰ

ਉਪ ਮੰਡਲ ਮੈਜਿਸਟਰੇਟ,
ਪਟਿਆਲਾ।

ਪਿੱਠ ਅੰਕਣ ਨੰ: spl-2-4 ਮਿਤੀ: 30.10.2026
ਉਪਰੋਕਤ ਦਾ ਉਤਾਰਾ:

1. ਚੇਅਰਮੈਨ, ਐਡਵਾਇਜਰੀ ਮੈਨੇਜਿੰਗ ਕਮੇਟੀ, ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ-ਦੇਵੀ ਜੀ ਪਟਿਆਲਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਸੀਨੀਅਰ ਸਕੇਲ ਸਟੈਨੋਗ੍ਰਾਫਰ-ਟੂ-ਵਧੀਕ ਡਿਪਟੀ ਕਮਿਸ਼ਨਰ-ਕਮ-ਸੀ.ਈ.ਓ, ਐਡਵਾਇਜਰੀ ਮੈਨੇਜਿੰਗ ਕਮੇਟੀ ਪਾਸ ਅਫਸਰ ਸਾਹਿਬਾਨ ਦੀ ਸੂਚਨਾ ਹਿੱਤ।
3. Executive Engineer, Provincial Division No. 1, B&R Branch, Patiala, Superintendent, Dharam Arth Branch, Sh. Ajay Kumar Alipuriya – Member, Advisory Managing Committee, Sh. Sanjay Singla – Member, Advisory Managing Committee, Sh. Raj Kumar Gupta – Member, Advisory Managing

Committee ਨੂੰ ਇਸ਼ਤਿਹਾਰ, ਸ਼ਰਤਾਂ, Application Form ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

4. ਸਹਾਇਕ ਸੁਪਰਵਾਇਜਰ, ਮੰਦਿਰ ਸ੍ਰੀ ਕਾਲੀ ਦੇਵੀ ਜੀ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ਼ਤਿਹਾਰ, ਸ਼ਰਤਾਂ, Application Form ਦੀ ਕਾਪੀ ਮੰਦਿਰ ਦੀ ਵੈਬ-ਸਾਇਟ ਤੇ ਅਪਲੋਡ ਕੀਤਾ ਜਾਵੇ ਅਤੇ ਨੋਟਿਸ ਬੋਰਡ ਤੇ ਚਸਪਾ ਕੀਤਾ ਜਾਵੇ।

ਉਪ ਮੰਡਲ ਮੈਜਿਸਟਰੇਟ,
ਪਟਿਆਲਾ।

ਇਸ਼ਤਿਹਾਰ ਨੰਬਰ : **01**
ਮਿਤੀ: **30.10.20226**

ਦਫਤਰ ਡਿਪਟੀ ਕਮਿਸ਼ਨਰ, ਪਟਿਆਲਾ।

ਇਸ਼ਤਿਹਾਰ

ਮੰਦਿਰ ਸ਼੍ਰੀ ਕਾਲੀ ਦੇਵੀ ਜੀ/ਸ਼੍ਰੀ ਰਾਜ ਰਾਜੇਸ਼ਵਰੀ-ਦੇਵੀ ਜੀ ਪਟਿਆਲਾ ਵਿਖੇ COO(Chief Operating Officer) ਅਤੇ HR(Manager) ਦੀ ਨਿਯੁਕਤੀ ਆਰਜ਼ੀ ਤੌਰ ਤੇ ਕੀਤੀ ਜਾਣੀ ਹੈ। ਇਸ ਲਈ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਵਿਅਕਤੀ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੀ ਵੈਬਸਾਇਟ mandirkalidevijipatiala.org ਤੇ ਅਪਲੋਡ ਕੀਤੀਆਂ ਗਈਆਂ ਸ਼ਰਤਾਂ ਅਨੁਸਾਰ ਯੋਗਤਾ ਪੂਰੀ ਕਰਦਾ ਹੈ ਤਾਂ ਉਹ ਆਪਣੀ ਦਰਖਾਸਤ ਮੰਦਿਰ ਸ਼੍ਰੀ ਕਾਲੀ ਦੇਵੀ ਜੀ ਦੀ ਵੈਬਸਾਇਟ mandirkalidevijipatiala.org ਤੇ ਅਪਲੋਡ ਕੀਤੇ ਗਏ ਪ੍ਰੋਫਾਰਮੇ ਵਿਚ ਭਰ ਕੇ ਸਮੇਤ ਮੁਕੰਮਲ ਦਸਤਾਵੇਜ਼ ਬੰਦ ਲਿਫਾਫੇ ਵਿੱਚ ਮਿਤੀ 11.11.2026 ਨੂੰ ਸਵੇਰੇ 10:00 ਵਜੇ ਤੱਕ ਧਰਮ ਅਰਥ ਸ਼ਾਖਾ ਕਮਰਾ ਨੰ:303, ਬਲਾਕ-ਏ, ਮਿੰਨੀ ਸਕੱਤਰੇਤ ਵਿਖੇ ਦਸਤੀ ਦੇ ਸਕਦੇ ਹਨ। ਇਸ ਤਾਰੀਖ ਤੋਂ ਬਾਅਦ ਦਿੱਤੀਆ ਜਾਣ ਵਾਲੀਆਂ ਦਰਖਾਸਤਾਂ ਜਾਂ ਅਧੂਰੀਆਂ ਦਰਖਾਸਤਾਂ ਵਿਚਾਰੀਆਂ ਨਹੀ ਜਾਣਗੀਆਂ।

ਉਪ ਮੰਡਲ ਮੈਜਿਸਟਰੇਟ,
ਪਟਿਆਲਾ।